ਦਫ਼ਤਰ ਡਾਇਰੈਕਟਰ ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਪੰ:ਸ:ਸਿ:ਬੋ: ਕੰਪਲੈਕਸ ਫੇਜ-8, ਛੇਵੀਂ ਮੰਜਿਲ, ਐਸ.ਏ.ਐਸ. ਨਗਰ, ਮੁਹਾਲੀ
ਫੋਨ ਨੰ: 0172-2212221, ਫੈਕਸ ਨੰ: 0172-2212793

ਹੁਕਮ ਨੰ: 9/114-2012 ਡਾਇਟ(3)
ਮਿਤੀ ਚੰਡੀਗੜ੍ਹ: 26-11-2015

ਕੇ.ਐਸ ਗਿਲ ਇੰਸਟੀਚਿਊਟ ਆਫ ਐਜੂਕੇਸ਼ਨ ਪਲਾਟ ਨੰ:206/416, ਰਾਏਪੁਰ ਰੋਡ ਪਿੰਡ ਮਾਖਾ, ਡਾਕਘਰ ਮਾਖਾ ਤਹਿ ਅਤੇ ਜਿਲਾ ਮਾਨਸਾ ਜਿਸਨੂੰ ਐਨ.ਸੀ.ਟੀ.ਈ ਜੈਪੁਰ ਦੇ ਪੱਤਰ ਨੰ: NRC/NCTE/ NRCAPP/1584/207th meeting/2012/35722-728 ਮਿਤੀ 03-01-2013 ਰਾਹੀਂ ਰਿਕੋਗਨੀਸ਼ਨ ਦਿੱਤੀ ਗਈ ਹੈ, ਨੂੰ ਦੋ ਸਾਲਾ ਡੀ.ਐਲ.ਐਡ ਕੋਰਸ ਇਕ ਯੂਨਿਟ 50 (ਪੰਜਾਹ) ਸੀਟਾਂ ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਪ੍ਰੋਵੀਜਨਲ ਐਫਲੀਏਸ਼ਨ ਸਰਕਾਰ ਦੀ ਪ੍ਰਵਾਨਗੀ ਨਾਲ ਦਿੱਤੀ ਜਾਂਦੀ ਹੈ:-

ਸਰਤਾਂ

1. ਕਾਲਜ ਦੀ ਪ੍ਰਬੰਧਕ ਕਮੇਟੀ ਐਨ.ਸੀ.ਟੀ.ਈ ਦੇ ਨਾਰਮ ਅਨੁਸਾਰ ਨਿਰਧਾਰਿਤ ਸਟਾਫ ਹਰ ਸਮੇਂ ਪੂਰਾ ਰੱਖਣਾ ਯਕੀਨੀ ਬਣਾਏਗੀ। ਸਟਾਫ ਦੀ ਯੋਗਤਾ ਐਨ਼ਸੀ਼ਟੀ਼ਈ ਦੇ ਨਾਰਮ ਅਤੇ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਹੋਵੇਗੀ। ਸਟਾਫ ਦੀ ਨਿਯੁਕਤੀ ਸਮੇਂ ਐਸ.ਸੀ.ਈ.ਆਰ.ਟੀ ਦਾ ਨੁਮਾਇੰਦਾ ਹੋਣਾ ਜਰੂਰੀ ਹੈ। ਕਰਮਚਾਰੀ ਵੱਲੋਂ ਨੌਂਕਰੀ ਛੱਡਣ ਜਾਂ ਉਸਨੂੰ ਨੌਕਰੀ ਤੋਂ ਕੱਢਣ ਸਬੰਧੀ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ।

2. ਸੰਸਥਾਂ ਵਿੱਚ ਦਾਖਲਾ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਨੀਤੀ ਅਨੁਸਾਰ ਹੀ ਕੀਤਾ ਜਾਵੇਗਾ।

3. ਦਾਖਲ ਕੀਤੇ ਸਿੱਖਿਆਰਥੀਆਂ ਦੇ ਇੱਕ ਸੈਸਨ ਦੌਰਾਨ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਲੈਕਚਰ ਪੂਰੇ ਹੋਣ ਚਾਹੀਦੇ ਹਨ।

4. ਸਿੱਖਿਆਰਥੀਆਂ ਵਲੋਂ ਡੀ.ਐਲ.ਐਡ. ਕੋਰਸ ਵਿਚ ਦਾਖਲੇ ਲਈ ਅਪਲਾਈ ਕਨ ਦੀ ਮਿਤੀ ਉਨ੍ਹਾਂ ਦੀ ਵਿਦਿਅਕ ਯੋਗਤਾ ਰਾਜ ਸਰਕਾਰ ਵਲੋਂ ਨਿਰਧਾਰਤ ਕੀਤੀ ਯੋਗਤਾ ਅਨੁਸਾਰ ਪੂਰੀ ਹੋਣੀ ਚਾਹੀਦੀ ਹੈ।

5. ਦਾਖਲ ਕੀਤੇ ਸਿੱਖਿਆਰਥੀਆਂ ਤੋਂ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਫੀਸ ਹੀ ਲਈ ਜਾਵੇਗੀ।

6. ਇਹ ਅਫਲੀਏਸਨ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਕਿਸੇ ਸਮੇਂ ਵੀ ਵਾਪਸ ਲਈ ਜਾ ਸਕਦੀ ਹੈ। ਐਨ਼ਸੀ਼ਟੀ਼ਵੱਲੋਂ ਦਿੱਤੀ ਰਿਕੋਗਨੀਸਨ ਵਾਪਸ ਲੈਣ ਤੇ ਇਹ ਐਫਲੀਏਸਨ ਰੱਦ ਸਮਝੀ ਜਾਵੇਗੀ।ਇਸ ਸਬੰਧੀ ਵੱਖਰੇ ਤੌਰ ਹੁਕਮ ਜਾਰੀ ਨਹੀਂ ਕੀਤੇ ਜਾਣਗੇ। ਮੁੜ ਰਿਕੋਗਨਾਇਜੇਸ਼ਨ ਮਿਲਣ ਉਪਰੰਤ ਮੁੜ ਐਫਲੀਏਸ਼ਨ ਲੈਣੀ ਪਵੇਗੀ।

7. ਜੇਕਰ ਜਮੀਨ ਸੁਸਾਇਟੀ/ਟਰਸਟ ਦੇ ਨਾਮ ਤੇ ਹੈ, ਜਮੀਨ ਛੇ ਮਹੀਨੇ ਦੇ ਅੰਦਰ-ਅੰਦਰ ਸੰਸਥਾ ਦੇ ਨਾਮ ਤੇ ਕਰਨੀ ਯਕੀਨੀ ਬਣਾਇਆ ਜਾਵੇ। ਇਹ ਕਾਰਵਾਈ ਕਰਕੇ ਨਵੇਂ ਕਾਗਜਾਤ ਦੀ ਕਾਪੀ ਮਿੱਥੇ ਸਮੇਂ ਦੇ ਅੰਦਰ ਰਿਜਨਲ ਕਮੇਟੀ ਅਤੇ ਇਸ ਦਫਤਰ ਨੂੰ ਭੇਜੀ ਜਾਵੇ ।ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਇਹ ਕਾਰਵਾਈ ਨਾ ਕਰਨ ਦੀ ਸੂਰਤ ਵਿੱਚ ਰਿਕੋਗਨੀਸਨ/ ਐਫਲੀਏਸਨ ਰੱਦ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

8. ਐਨ.ਸੀ.ਟੀ.ਈ. ਵਲੋਂ ਸਮੇਂ-2 ਸਿਰ ਨਿਰਧਾਰਿਤ ਕੀਤੇ ਨਾਰਮ ਇਸ ਸੰਸਥਾ ਤੇ ਲਾਗੂ ਹੋਣਗੇ। ਕਿਸੇ ਸਮੇਂ ਵੀ ਕਿਸੇ ਕਿਸਮ ਦੀ ਅਣਗਹਿਲੀ/ਕਮੀ ਪਾਏ ਜਾਣ ਤੇ ਇਹ ਐਫਲੀਏਸ਼ਨ ਰੱਦ ਕੀਤੀ ਜਾ ਸਕਦੀ ਹੈ।

9. ਇਸ ਦਫਤਰ ਦੀ ਵੈਬਸਾਇਟ www.scertpunjab.ac.in ਹਰ ਰੋਜ਼ ਚੈਕ ਕੀਤੀ ਜਾਵੇ।ਵੈਬਸਾਇਟ ਵਿਚ ਇਸ ਦਫਤਰ ਵਲੋਂ ਮੰਗੀ ਗਈ ਸੂਚਨਾਂ ਤੁਰੰਤ ਇਸ ਦਫਤਰ ਨੂੰ ਉਪਲੱਬਧ ਕਰਵਾਹੀ ਜਾਵੇ।

10 ਐਨ.ਸੀ.ਟੀ.ਈ. ਵਲੋ ਜਾਰੀ ਰਿਕੋਗਨਾਈਜੇਸ਼ਨ ਪੱਤਰ ਵਿਚ ਲੱਗੀਆਂ ਸਾਰੀਆਂ ਸ਼ਰਤਾਂ ਦੀ ਪੂਰਤੀ ਕਨਾ ਵੀ ਯਕੀਨੀ ਬਣਾਇਆ ਜਾਵੇ।

11. ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਅੱਗ ਬੁਝਾਂਉ ਯੰਤਰਾਂ ਸਬੰਧੀ ਸਮੇਂ-2 ਤੇ ਸਰਟੀਫਿਕੇਟ ਪ੍ਰਾਪਤ ਕਰਕੇ ਭੇਜੇ ਜਾਣ।

10. ਸੁਸਾਇਟੀ /ਟਰਸਟ ਵੱਲੋਂ ਸੰਸਥਾ ਚਲਾਊਣ ਲਈ ਸਰਕਾਰ ਤੋਂ ਕਿਸੇ ਕਿਸਮ ਦੀ ਸਹਾਇਤਾ ਦੀ ਮੰਗ ਨਹੀਂ ਕੀਤੀ ਜਾਵੇਗੀ।

( ਸੁਖਦੇਵ ਸਿੰਘ )
ਡਾਇਰੈਕਟਰ
ਐਸ.ਸੀ.ਈ.ਆਰ.ਟੀ ਪੰਜਾਬ।

ਪਿੱਠ ਅੰਕਣ ਨੰ:ਉਕਤ ਮਿਤੀ ਐਸ.ਏ.ਐਸ. ਨਗਰ: 4-12-2015

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿ-5 ਸ਼ਾਖਾ), ਸਿਵਲ ਸਕੱਤਰੇਤ, ਸੈਕਟਰ-9, ਚੰਡੀਗੜ੍ਹ।

2. ਚੇਅਰਮੈਨ, ਕੇ.ਐਸ ਗਿਲ ਇੰਸਟੀਚਿਊਟ ਆਫ ਐਜੂਕੇਸ਼ਨ ਪਲਾਟ ਨੰ:206/416, ਰਾਏਪੁਰ ਰੋਡ ਪਿੰਡ ਮਾਖਾ, ਡਾਕਘਰ ਮਾਖਾ ਤਹਿ ਅਤੇ ਜਿਲਾ ਮਾਨਸਾ ।

3. ਸੁਪਰਡੰਟ ਪ੍ਰੀਖਿਆ ਸਾਖਾ ।

4. ਰੀਜਨਲ ਡਾਇਰੈਕਟਰ, ਐਨ੍ਹਸੀ੍ਹਟੀ੍ਹਈ੍ਹਜੈਪੁਰ, 20/198, ਕਾਵੇਰੀ ਪੱਥ ਮਾਨਸਰੋਵਰ, ਜੈਪੁਰ੍ਹ 302020 (ਰਾਜਸਥਾਨ)।

03-12-15
ਡਿਪਟੀ ਡਾਇਰੈਕਟਰ(ਮੁਲਅੰਕਣ)